
Weekly

# CANADA SIKH TIMES

22-28 February 2026 | ਕੈਨੇਡਾ ਸਿੱਖ ਟਾਈਮਜ਼ | Volume 4 Issue 8

RELIGION • CULTURE • HERITAGE • BUSINESS

## AI ਸੰਮੇਲਨ ’ਚ ਛਾਇਆ 8 ਸਾਲਾ ਸਿੱਖ ਬੱਚਾ ਰਣਵੀਰ ਸਿੰਘ ਸਚਦੇਵਾ




ਨਵੀਂ ਦਿੱਲੀ ਦੇ ਭਾਰਤ ਮੰਡਪ ਵਿਚ ਹੋਏ AI Impact Summit ਈਵੈਂਟ ਵਿਚ ਇਸ ਵਾਰ ਸਭ ਤੋਂ ਜ਼ਿਆਦਾ ਚਰਚਾ 8 ਸਾਲ ਦੇ ਕੀਨੋਟ ਸਪੀਕਰ ਰਣਵੀਰ ਸਿੰਘ ਸਚਦੇਵਾ ਦੀ ਹੋ ਰਹੀ ਹੈ। ਇਸ ਸੰਮੇਲਨ ਦੌਰਾਨ ਉਨ੍ਹਾਂ ਨੇ ਇੰਡੀਅਨ AI ਮਾਡਲ ਤੇ ਭਾਰਤ ਵਿਚ AI ਸਾਖਰਤਾ ਵਰਗੇ ਗੰਭੀਰ ਵਿਸ਼ਿਆਂ ’ਤੇ ਆਪਣੇ ਵਿਚਾਰ ਸਾਂਝੇ ਕੀਤੇ। ਰਣਵੀਰ ਨੇ ਦਾਅਵਾ ਕੀਤਾ ਕਿ ਉਸ ਵੱਲੋਂ ਤਿਆਰ ਕੀਤਾ AI ਮਾਡਲ ਭਾਰਤ ਦੀ GDP ਨੂੰ ਮਜ਼ਬੂਤ ਕਰਨ ’ਚ ਮਦਦਗਾਰ ਸਾਬਤ ਹੋ ਸਕਦਾ ਹੈ। ਰਣਵੀਰ 2023 ਵਿਚ ਸਿਰਫ 5 ਸਾਲ ਦੀ ਉਮਰ ਵਿਚ Apple Swift Programmer ਬਣਨ ਵਾਲੇ ਦੁਨੀਆ ਦੇ ਸਭ ਤੋਂ ਘੱਟ ਉਮਰ ਦੇ ਪ੍ਰੋਗਰਾਮਰ ਹਨ। ਐਪਲ ਦੇ ਸੀਈਓ ਟਿਮ ਕੁੱਕ ਨੇ ਉਨ੍ਹਾਂ ਨੂੰ WWDC ਈਵੈਂਟ ਲਈ ਸੱਦਾ ਦਿੱਤਾ ਸੀ। ਇਸ ਤੋਂ ਇਲਾਵਾ ਰਣਵੀਰ ਸਤੰਬਰ 2024 ਵਿਚ ਸੰਯੁਕਤ ਰਾਸ਼ਟਰ ਦੇ ਜਨਰਲ ਅਸੈਂਬਲੀ ਸੈਸ਼ਨ ਵਿਚ ਹਿੱਸਾ ਲੈਣ ਵਾਲੇ ਸਭ ਤੋਂ ਘੱਟ ਉਮਰ ਦੇ ਪ੍ਰਤੀਭਾਗੀਆਂ ਵਿਚ ਵੀ ਸ਼ਾਮਲ ਰਹੇ ਹਨ। AI Impact Summit ਵਿਚ ਰਣਵੀਰ ਸਚਦੇਵਾ ਦੀ ਮੌਜੂਦਗੀ ਇਹ ਸਾਬਤ ਕਰਦੀ ਹੈ ਕਿ ਹੁਨਰ ਉਮਰ ਦੀ ਮੁਥਾਜ ਨਹੀਂ ਹੁੰਦਾ। ਜੇਕਰ ਹੌਸਲਾ ਤੇ ਜਜ਼ਬਾ ਹੋਵੇ ਤਾਂ ਦੁਨੀਆ ਦਾ ਕੋਈ ਮੰਚ ਵੀ ਦੂਰ ਨਹੀਂ।

## Gurucharan Singh Chawla who Globalized Indian Menswear



Long before Indian fashion became part of the global luxury conversation, Gurucharan Singh Chawla was redefining menswear with quiet confidence and international ambition. Emerging in the 1970s and 1980s, the pioneering Punjabi designer became the first Indian admitted to the London College of Fashion, marking a significant milestone for Indian representation in global fashion education. Chawla's refined craftsmanship soon found space in iconic institutions such as Harrods and Bonwit Teller. His clientele included prominent figures like Margaret Thatcher and Michael Jackson, reflecting the international appeal of his designs. He also contributed to the team behind Princess Anne's wedding dress and designed uniforms for Air India, seamlessly blending Indian identity with global elegance. His legacy remains a landmark in the evolution of Indian menswear worldwide.

## The Courage to Stay Grounded




In a world that constantly pushes us to prove, display, and dominate, staying grounded requires courage. Success today is often measured by visibility, wealth, and influence. Yet beneath this outward race lies a silent danger: ego. In Sikh thought, haumai is not a minor flaw; it is a disease that quietly infects both mind and soul. It creates distance between the individual and the Divine, and between human beings themselves. Haumai convinces us that we are self-made, self-sufficient, and superior. It feeds comparison, insecurity, and restlessness. The more it grows, the more peace disappears. What appears as confidence often becomes spiritual emptiness. This is why Gurbani repeatedly guides us toward humility. In every shabad, there is a subtle but firm reminder: trust in God, remain patient, and stay grounded. True strength is not loud. It is steady.

Gurbani does not encourage weakness; it encourages surrender of ego. When a person learns to trust Hukam and accept life with balance, inner stability replaces arrogance. Patience becomes power. There is also a deeper truth about service. When someone asks you for help, it is not a burden. It is a blessing. It means the Divine has given you enough—resources, capacity, or wisdom—to become a helping hand. To serve is not to lose; it is to grow. The courage to stay grounded is the courage to reject ego, trust the Divine, and live in humility. In that humility lies real strength.

- Chief Editor

DESH VIDESH

# ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥



ਸਿਰਲੇਖ ਤੋਂ ਪਤਾ ਚਲਦਾ ਹੈ ਕਿ ਦੁੱਖ ਕਲੇਸ਼ ਅਤੇ ਸੰਤਾਪ ਦੀ ਇੱਕੋ ਹੀ ਔਸ਼ਧ ਹੈ- ਸੱਚੀ ਬਾਣੀ ਸੁਣਨਾ, ਸਮਝਣਾ ਅਤੇ ਆਪਣੇ ਜੀਵਨ ਚ ਢਾਲਣਾ। ਮਨੁੱਖੀ ਸਰੀਰ ਵੱਡੇ ਭਾਗਾਂ ਨਾਲ ਮਿਲਦਾ ਹੈ ਅਤੇ ਵਾਹਿਗੁਰੂ ਮਿਲਾਪ ਯਾ ਪ੍ਰਾਪਤੀ ਲਈ ਇਸ ਦੀ ਸੰਭਾਲ ਬਹੁਤ ਜਰੂਰੀ ਹੈ। ਗੁਰਬਾਣੀ ਦੇ ਗਿਆਨ ਅਨੁਸਾਰ ਮਾਂ ਦੇ ਪੇਟ ਦੀ ਜਠਰਾਗਨ ਤੋਂ ਜੀਵ ਦੀ ਰੱਖਿਆ ਵੀ ਸਿਮਰਨ ਨੇ ਹੀ ਕੀਤੀ ਸੀ। ਗੁਰੂ ਅਰਜਨ ਸਾਹਿਬ ਜੀ ਸਾਨੂੰ ਸੋਝੀ ਦਿੰਦੇ ਹਨ :

ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ॥
ਸਾਸਿ ਸਾਸਿ ਸਿਮਰੰਤ ਨਾਨਕ ਮਹਾ ਅਗਨਿ ਨ ਬਿਨਾਸਨੰ॥ (ਅੰਕ 706)

ਪਰਮਾਤਮਾ ਜੀਵਾਂ ਨੂੰ ਮਾਂ ਦੇ ਪੇਟ ਵਿੱਚ ਥਾਂ ਦਿੰਦਾ ਹੈ, ਜੀਵ ਉਸ ਨੂੰ ਹਰ ਇਕ ਸਾਹ ਦੇ ਨਾਲ ਯਾਦ ਕਰਦਾ ਰਹਿੰਦਾ ਹੈ, ਜਿਸ ਕਰਕੇ ਭਿਆਨਕ ਅੱਗ ਵੀ ਉਸ ਦਾ ਨਾਸ਼ ਨਹੀਂ ਕਰ ਸਕਦੀ। ਮਨੁੱਖੀ ਸਰੀਰ ਦੀ ਮਹਿਮਾ ਇਹ ਹੈ ਕਿ ਇਸ ਵਿੱਚ ਵਸਦੀ ਆਤਮਾ ਪਰਮਾਤਮਾ ਦੀ ਜੋਤ ਹੈ। ਆਤਮਾ ਦੀ ਪ੍ਰਫੁਲਤਾ ਤੇ ਪ੍ਰਭੂ ਪ੍ਰਾਪਤੀ ਲਈ ਸਰੀਰ ਨੂੰ ਠੀਕ ਸਵਸਥ ਤੇ ਅਰੋਗ ਰੱਖਣਾ ਜਰੂਰੀ ਹੈ। ਗੁਰੂ ਵਾਕ ਹੈ -

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਅੰਕ 12)

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਉਸਦੇ ਹਾਲ -ਵਿਵਹਾਰ ,ਖਾਨ -ਪਾਨ, ਆਦਿ ਕਈ ਤਰਹਾਂ ਦੇ ਹੁੰਦੇ ਨੇ। ਸਮਾਜ ਚ ਵਿਚਰਦੇ ਚੰਗੇ-ਮੰਦੇ ਵਿਵਹਾਰ ਕਰਕੇ ਸਰੀਰ ਕਈ ਰੋਗਾਂ ਨਾਲ ਗ੍ਰਸਿਤ ਹੋ ਜਾਂਦਾ ਹੈ।

ਗੁਰੂ ਅਮਰਦਾਸ ਜੀ ਸਪਸ਼ਟ ਫਰਮਾਉਂਦੇ ਨੇ-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥ (ਅੰਕ 600)
ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ (ਅੰਕ 1141)

ਹੁਣ ਸਵਾਲ ਉਠਦਾ ਹੈ ਕਿ ਕੀ ਤੀਰਥਾਂ 'ਤੇ ਇਸਨਾਨ ਕਰਕੇ, ਜਾਂ ਵਹਿਮਾਂ ਭਰਮਾਂ ਵਿਚ ਪੈ ਕੇ ਦੁੱਖ ਦੂਰ ਹੋ ਸਕਦੇ ਹਨ? ਜਾਂ ਫਿਰ ਇਹਨਾਂ ਦਾ ਇਲਾਜ ਗੁਰਬਾਣੀ ਦੁਆਰਾ ਵੀ ਹੋ ਸਕਦਾ ਹੈ? ਜਵਾਬ ਸਪਸ਼ਟ ਹੈ- ਜਿਸ ਦਾ ਆਧਾਰ ਗੁਰਬਾਣੀ ਹੈ ਕਿ "ਸਰਬ ਰੋਗ ਕਾ ਅਉਖਦੁ ਨਾਮੁ॥", ਅਰਥਾਤ ਸਾਰੇ ਰੋਗਾਂ ਦਾ ਦਾਰੂ ਨਾਮ ਹੈ। ਗੁਰਬਾਣੀ ਉਹ ਆਧਾਰ ਹੈ ਜਿਸ ਨਾਲ ਸਾਰੇ ਰੋਗ ਦੂਰ ਹੋ ਜਾਂਦੇ ਨੇ।

ਬਿਲਾਵਲ ਰਾਗ ਵਿੱਚ ਗੁਰੂ ਅਰਜਨ ਸਾਹਿਬ ਜੀ ਦੀ ਗਵਾਹੀ ਹੈ -

ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥
ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ॥ (ਅੰਕ 817)

ਸੁਖਮਨੀ ਸਾਹਿਬ ਜੀ ਦੇ ਆਰੰਭ ਵਿੱਚ ਹੀ ਦਰਜ ਹੈ-

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥
(ਅੰਕ 62)

ਇੱਥੇ ਸ਼ਬਦ ਤਨ ਵਰਤਿਆ ਹੈ ਮਨ ਨਹੀ! ਸੋ ਜਿੱਥੇ ਗੁਰਬਾਣੀ ਤੇ, ਨਾਮ ਦੁਆਰਾ ਮਨ ਦੇ ਰੋਗ ਦੂਰ ਹੁੰਦੇ ਨੇ ਉਥੇ ਲਾਜਮੀ ਤੌਰ ਤੇ ਸਰੀਰ ਦੇ ਰੋਗ ਵੀ ਨਾਸ ਹੁੰਦੇ ਹਨ। ਜਗਾਹ-ਜਗਾਹ ਗੁਰਬਾਣੀ ਵਿੱਚ ਇਸਦੀ ਸਪਸ਼ਟ ਅਗਵਾਈ ਮਿਲਦੀ ਹੈ ਜਿਵੇਂ-

ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ॥ (ਅੰਕ 619)

ਮਨੁੱਖ ਦਾ ਸਰੀਰ ਤਾਂ ਰੋਗਾਂ ਦਾ ਮਾਰਿਆ ਭਟਕਦਾ ਰਹਿੰਦਾ ਹੈ। ਬੰਦਾ ਹਰ ਪਾਸੇ ਜਾ-ਜਾ ਕੇ ਆਪਣੇ ਮਾਨਸਿਕ, ਸਰੀਰਿਕ ਰੋਗਾਂ ਦੇ ਇਲਾਜ ਚ ਭਟਕਦਾ ਰਹਿੰਦਾ ਹੈ। ਜਾਂ ਸਾਰੇ ਪਾਸਿਓ ਥੱਕ ਹਾਰ ਜਾਂਦਾ ਹੈ ਤੇ ਗੁਰੂ ਦੀ ਸ਼ਰਨ ਚ ਆਂਦਾ ਹੈ। ਗੁਰੂ ਅਰਜਨ ਸਾਹਿਬ ਜੀ ਫਰਮਾਉਂਦੇ ਹਨ:

ਰੋਗੇ ਮਰਤਾ ਰੋਗੇ ਜਨਮੈ॥
ਰੋਗੇ ਫਿਰਿ ਫਿਰਿ ਜੋਨੀ ਭਰਮੈ॥
ਰੋਗ ਬੰਧ ਰਹਨੁ ਰਤੀ ਨ ਪਾਵੈ॥
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥
ਪਾਰਬ੍ਰਹਮਿ ਜਿਸੁ ਕੀਨੀ ਦਇਆ॥
ਬਾਹ ਪਕੜਿ ਰੋਗਹੁ ਕਢਿ ਲਇਆ॥ (ਅੰਕ 1140)

ਸਪਸ਼ਟ ਹੈ ਕਿ ਮਨੁੱਖ ਰੋਗਾਂ ਨਾਲ ਹੀ ਮਰਦਾ ਹੈ, ਅਤੇ ਰੋਗਾਂ ਨਾਲ ਹੀ ਜਨਮ ਲੈਂਦਾ ਹੈ, ਤੇ ਅਨੇਕ ਜੋਨੀਆਂ ਚ ਵਿਚਰਦਾ ਰਹਿੰਦਾ ਹੈ। ਉਹਨਾਂ ਤੋਂ ਉਸਦਾ ਛੁਟਕਾਰਾ ਤਦੋਂ ਹੀ ਹੁੰਦਾ ਹੈ, ਜਦੋਂ ਗੁਰੂ ਚਰਨਾਂ ਚ ਆ ਕੇ ਸਿਮਰਨ ਭਗਤੀ ਦੀ ਲੌ ਉਸ ਵਿਚ ਲੱਗਦੀ ਹੈ। ਤਾਂ ਹੀ ਪਰਮਾਤਮਾ ਉਸਦੀ ਬਾਂਹ ਫੜ ਕੇ ਉਸਨੂੰ ਰੋਗਾਂ ਵਿੱਚੋਂ ਕੱਢ ਲੈਂਦੇ ਹਨ।

ਸੋ, ਤੱਤ ਗਿਆਨ ਇਹੀ ਹੈ ਕਿ ਗੁਰਬਾਣੀ ਮਨ ਦੀ ਅਵਸਥਾ ਇਸਟੈਬਲਿਸ਼ ਕਰਦੀ ਹੈ ਤਾਂ ਹੀ ਮਨ ਦੇ ਮਾਨਸਿਕ ਰੋਗਾਂ ਨੂੰ ਠੀਕ ਕਰਦੀ ਹੈ - ਸਬਰ, ਸੰਤੋਖ, ਸੰਤੁਸ਼ਟੀ ਪੈਦਾ ਹੁੰਦੀ ਹੈ ਤੇ ਸਰੀਰਿਕ ਰੋਗ ਆਪਣੇ-ਆਪ ਹੀ ਠੀਕ ਹੋ ਜਾਂਦੇ ਹਨ। ਸਾਰ ਇਹੀ ਹੈ, ਕਿ ਗੁਰਬਾਣੀ ਹਰ ਅਵਸਥਾ ਵਿੱਚ ਸਾਨੂੰ ਅਰੋਗ ਕਰਦੀ ਹੈ।

ਸੋ ਤਤ ਗਿਆਨ ਇਹੀ ਹੈ ਕਿ ਜੀਵ ਨੂੰ ਆਪਣੇ ਸਰੀਰ ਤੇ ਪੂਰੀ ਤਰਹਾਂ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਸਦਾ ਸਰੀਰ ਸਵਸਥ ਰਹੇਤ ਸਵਸਥ ਸਰੀਰ ਜੀਵਨ ਚ ਆਪਣੇ ਕਰਮ-ਧਰਮ ਚੰਗੀ ਤਰ੍ਹਾਂ ਕਰ ਸਕਦਾ ਹੈ ਅਤੇ ਸਮੂਹ ਰੋਗਾਂ ਦਾ ਨਾਸ ਤਾਂ ਹੀ ਹੋ ਸਕਦਾ ਹੈ ਜੇ ਗੁਰਬਾਣੀ ਤੇ ਵਾਹਿਗੁਰੂ ਦਾ ਸਿਮਰਨ ਦਾ ਸਹਾਰਾ ਲਈਏ ਤੇ ਉਸ ਤੇ ਦ੍ਰਿੜ ਰਹੀਏ। ਭੁਲਾਂ ਚੁੱਕਾਂ ਦੀ ਖਿਮਾ।



**– ਸ. ਮਹਿੰਦਰ ਸਿੰਘ**
ਰਾਂਚੀ, ਝਾਰਖੰਡ

◆◆ ◆◆

# HERITAGE

## ਆਓ ਬਣੀਏ ਗੁਰਸਿੱਖ ਪਿਆਰਾ ਅਤੇ ਪਰਮ ਕ੍ਰਿਏਟਿਵ ਨੇਸਟ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗੁਰਮੁਖੀ ਬੈਠਕ ਦਾ ਆਯੋਜਨ




19 ਅਤੇ 23 ਫਰਵਰੀ ਦੀ ਸ਼ਾਮ ਨੂੰ "ਆਓ ਬਣੀਏ ਗੁਰਸਿੱਖ ਪਿਆਰਾ" ਅਤੇ ਪਰਮ ਕ੍ਰਿਏਟਿਵ ਨੇਸਟ ਵੱਲੋਂ ਜ਼ੂਮ ਪਲੇਟਫਾਰਮ ਰਾਹੀਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗੁਰਮੁਖੀ ਬੈਠਕ ਨਾਮ ਹੇਠ ਇੱਕ ਵਿਸ਼ੇਸ਼ ਆਨਲਾਈਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਹਰ ਉਮਰ ਵਰਗ ਦੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਨੇ ਸੁੰਦਰ ਕਵਿਤਾਵਾਂ ਦਾ ਪਾਠ ਕਰਦੇ ਹੋਏ ਮਾਂ ਬੋਲੀ ਪੰਜਾਬੀ ਦੀ ਮਿੱਠਾਸ, ਇਤਿਹਾਸਕ ਵਿਰਾਸਤ ਅਤੇ ਸੱਭਿਆਚਾਰਕ ਧਨਾਢਤਾ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਨੇ ਆਪਣੇ ਵਿਚਾਰਾਂ ਰਾਹੀਂ ਇਹ ਸੰਦੇਸ਼ ਦਿੱਤਾ ਕਿ ਪੰਜਾਬੀ ਸਿਰਫ਼ ਇਕ ਭਾਸ਼ਾ ਨਹੀਂ, ਸਗੋਂ ਸਾਡੀ ਪਹਿਚਾਣ ਅਤੇ ਅਸਤੀਤਵ ਦਾ ਅਹਿਮ ਹਿੱਸਾ ਹੈ। ਹਰ ਉਮਰ ਦੇ ਭਾਗੀਦਾਰਾਂ ਨੇ ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ। ਬੱਚਿਆਂ ਨੇ ਸੁੰਦਰ ਕਵਿਤਾਵਾਂ ਦਾ ਪਾਠ ਕਰਦੇ ਹੋਏ ਮਾਂ ਬੋਲੀ ਪੰਜਾਬੀ ਦੀ ਮਿੱਠਾਸ, ਇਤਿਹਾਸਕ ਵਿਰਾਸਤ ਅਤੇ ਸੱਭਿਆਚਾਰਕ ਧਨਾਢਤਾ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਨੇ ਆਪਣੇ ਵਿਚਾਰਾਂ ਰਾਹੀਂ ਇਹ ਸੰਦੇਸ਼ ਦਿੱਤਾ ਕਿ ਪੰਜਾਬੀ ਸਿਰਫ਼ ਇਕ ਭਾਸ਼ਾ ਨਹੀਂ, ਸਗੋਂ ਸਾਡੀ ਪਹਿਚਾਣ ਅਤੇ ਅਸਤੀਤਵ ਦਾ ਅਹਿਮ ਹਿੱਸਾ ਹੈ

ਪ੍ਰੋਗਰਾਮ ਦੌਰਾਨ ਸ. ਗੁਜਿੰਦਰ ਸਿੰਘ, ਸ. ਡੀਐਸ ਕਾਲਰਾ, ਸ. ਬਲਤੇਜ ਸਿੰਘ, ਸ. ਇੰਦਰਜੀਤ ਸਿੰਘ, ਸ. ਮਹਿੰਦਰ ਸਿੰਘ ਸਮੇਤ ਪੰਜਾਬੀ ਪੱਤਰਕਾਰ ਸ. ਰਜਵਿੰਦਰ ਸਿੰਘ ਰੌਂਤਾ ਨੇ ਮਾਂ ਬੋਲੀ ਦੀ ਮਹੱਤਤਾ, ਭਾਸ਼ਾ ਪ੍ਰਤੀ ਘੱਟ ਰਹੀ ਰੁਚੀ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਲੋੜ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਸਮਾਗਮ ਦਾ ਸਮਾਪਨ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਸੁੰਦਰ ਕਲਾ ਪ੍ਰਦਰਸ਼ਨੀ ਨਾਲ ਕੀਤਾ ਗਿਆ। ਉਤਸ਼ਾਹਪੂਰਵਕ ਭਾਗੀਦਾਰੀ ਲਈ ਸਭ ਭਾਗੀਦਾਰਾਂ ਨੂੰ ਈ-ਸਰਟੀਫਿਕੇਟ ਅਤੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਹ ਬੈਠਕ ਸਿਰਫ਼ ਇਕ ਸਮਾਗਮ ਨਹੀਂ ਸੀ, ਸਗੋਂ ਮਾਂ ਬੋਲੀ ਨਾਲ ਨਾਤਾ ਮਜ਼ਬੂਤ ਕਰਨ ਦੀ ਇਕ ਅੰਦਰੂਨੀ ਅਵਾਜ਼ ਸੀ, ਜੋ ਦਿਲਾਂ ਵਿੱਚ ਲੰਮਾ ਸਮਾਂ ਗੂੰਜਦੀ ਰਹੇਗੀ।

**– ਪਰਮਦੀਪ ਕੌਰ**
ਦਿੱਲੀ, ਭਾਰਤ

## Engineer Leaves Microsoft to Join Indian AI Startup Sarvam AI Earns National Recognition



Harveen Singh Chadha has drawn attention after leaving Satya Nadella-led Microsoft to join Bengaluru-based startup Sarvam AI as an LLM Researcher in April 2025. His decision initially worried his parents, but ten months later, pride replaced concern as Sarvam's made-in-India technology received widespread praise at the India AI Impact Summit 2026. Sharing his experience on X, Chadha said his father proudly showed him news coverage of Sarvam, while his mother promoted the company in WhatsApp groups and among neighbors. "A very small win but a long way to go," he wrote. Founded by Vivek Raghavan and Pratyush Kumar, Sarvam AI recently launched two large language models, Sarvam 30B for real-time conversations and Sarvam 105B for advanced enterprise reasoning. Raghavan emphasized that indigenous AI development is crucial to prevent technological dependence and strengthen India's digital sovereignty.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **Hola Mohalla was started by which Guru Sahib?**

A. Guru Nanak Sahib B. Guru Arjan Sahib
C. Guru Gobind Singh Ji D. Guru Tegh Bahadur Ji

2. **What was the original purpose of Hola Mohalla started at Anandpur Sahib?**

A. Celebration by throwing colors like Holi
B. Display of martial spirit, discipline, and Sikh unity
C. Singing only folk songs
D. Organizing trade fairs

3. **Hola Mohalla represents which core Sikh value?**

A. Adoption of popular cultural trends
B. Separation from worldly rituals and focus on Khalsa discipline
C. Celebration similar to Holi festival
D. Entertainment and amusement only

(ਦੇਖੋ ਉੱਤਰ ਪੰਨਾ 4 'ਤੇ)

# ਇਪਸਾ ਵੱਲੋਂ ਕੌਮਾਂਤਰੀ ਮਾਤ-ਭਾਸ਼ਾ ਦਿਵਸ ਮੌਕੇ ਵਿਚਾਰ ਗੋਸ਼ਟੀ ਤੇ ਕਲਾ ਪ੍ਰਦਰਸ਼ਨੀ ਆਯੋਜਿਤ



ਆਸਟ੍ਰੇਲੀਆ ਦੀ ਸਿਰਮੌਰ ਅਦਬੀ ਸੰਸਥਾ ਇੰਡੋ ਪੰਜਾਬੀ ਸਾਹਿਤ ਅਕਾਦਮੀ ਆਫ ਆਸਟ੍ਰੇਲੀਆ ਅਤੇ ਅਦਬੀ ਕੌਂਸਲ ਆਫ ਆਸਟ੍ਰੇਲੀਆ ਦੀ ਸਾਂਝੀ ਪਹਿਲ ਹੇਠ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਇੰਡੋਜ਼ ਪੰਜਾਬੀ ਲਾਇਬ੍ਰੇਰੀ, ਇਨਾਲਾ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਵਿਚ ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਾਰਕ ਰੂਪ ਧਾਰਨ ਕਰਦੇ ਹੋਏ ਪੰਜਾਬੀ, ਹਿੰਦੀ, ਸਿੰਧੀ, ਉਰਦੂ, ਡੋਗਰੀ, ਮੈਥਲੀ ਅਤੇ ਹਰਿਆਣਵੀ ਸਮੇਤ ਕਈ ਭਾਸ਼ਾਵਾਂ ਦੇ ਬੁਲਾਰਿਆਂ ਨੂੰ ਇਕ ਮੰਚ 'ਤੇ ਸ਼ਾਮਲ ਹੋਣ ਦਾ ਇਹ ਨਿਵੇਕਲਾ ਮੌਕਾ ਸੀ। ਇਸ ਮੌਕੇ ਅਮਰ ਆਰਟਿਸਟ ਦੀ ਚਿੱਤਰ ਪ੍ਰਦਰਸ਼ਨੀ ਦਰਸ਼ਕਾਂ ਲਈ ਖ਼ਾਸ ਆਕਰਸ਼ਣ ਦਾ ਕੇਂਦਰ ਰਹੀ, ਜਦਕਿ ਨਿਰਮਲ ਸਿੰਘ ਦਿਓਲ ਦੀ ਕਿਤਾਬ "ਛਾਂਵਾ ਠੰਡੀਆਂ ਨੇ ਬੋਹੜ ਦੀਆਂ" ਦਾ ਲੋਕ ਅਰਪਣ ਵੀ ਸ਼ਾਨਦਾਰ ਢੰਗ ਨਾਲ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਲੇਖਿਕਾ ਅਤੇ ਨਾਰੀ ਐਕਟੀਵਿਸਟ ਗੀਤਿਕਾ ਅਹੀਰ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਸ ਵਿੱਚ ਉਨ੍ਹਾਂ ਮਾਤ ਭਾਸ਼ਾ ਦੀ ਅਹਿਮੀਅਤ ਅਤੇ ਉਸਦੀ ਪਛਾਣ ਬਰਕਰਾਰ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਰੁਪਿੰਦਰ ਸੋਜ਼ ਨੇ ਆਪਣੀ ਗ਼ਜ਼ਲ "ਮੈਂ ਪੰਜਾਬੀ ਬੋਲੀ ਹਾਂ" ਰਾਹੀਂ ਮਾਹੌਲ ਨੂੰ ਭਾਵੁਕ ਅਤੇ ਰੰਗੀਨ ਬਣਾਇਆ। ਬੰਗਲਾਦੇਸ਼ ਤੋਂ ਪਹੁੰਚੇ ਜੇ.ਡੀ. ਨੇ ਭਾਸ਼ਾ ਅੰਦੋਲਨ ਦੇ ਇਤਿਹਾਸਕ ਪ੍ਰਸੰਗਾਂ 'ਤੇ ਵਿਸਥਾਰ ਨਾਲ ਚਾਨਣ ਪਾਇਆ ਅਤੇ ਦੱਸਿਆ ਕਿ ਭਾਸ਼ਾ ਲਈ ਸ਼ਹਾਦਤ ਦੇਣ ਵਾਲੇ ਪਹਿਲੇ ਸ਼ਹੀਦਾਂ ਦੀ ਯਾਦ ਵਿੱਚ ਇਹ ਦਿਨ ਮਨਾਇਆ ਜਾਂਦਾ ਹੈ। ਉਨ੍ਹਾਂ ਇਹ ਵੀ ਉਜਾਗਰ ਕੀਤਾ ਕਿ ਵਿਸ਼ੇਸ਼ ਤੌਰ 'ਤੇ ਬੰਗਲਾਦੇਸ਼ ਵਿੱਚ ਇਹ ਦਿਨ ਬੇਹੱਦ ਅਦਬ ਅਤੇ ਸਨਮਾਨ ਨਾਲ ਮਨਾਇਆ ਜਾਂਦਾ ਹੈ।

ਸਰਬਜੀਤ ਸੋਹੀ ਨੇ ਪੰਜਾਬੀ ਕਵਿਤਾ ਰਾਹੀਂ ਮਾਤ ਭਾਸ਼ਾ ਨਾਲ ਜੁੜੀ ਗਹਿਰੀ ਭਾਵਨਾ ਨੂੰ ਪ੍ਰਗਟਾਇਆ, ਜਦਕਿ ਮਨਜੀਤ ਬੋਪਰਾਏ ਨੇ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਨਵੀਂ ਪੀੜ੍ਹੀ ਨੂੰ ਮਾਤ ਭਾਸ਼ਾ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ। ਅੰਤ ਵਿੱਚ ਆਯੋਜਕਾਂ ਵੱਲੋਂ ਸਾਰੇ ਮਹਿਮਾਨਾਂ, ਕਲਾਕਾਰਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਾਹਿਤਕ ਅਤੇ ਸੱਭਿਆਚਾਰਕ ਸਮਾਗਮ ਕਰਵਾਉਣ ਦੇ ਸੰਕਲਪ ਨੂੰ ਦੁਹਰਾਇਆ ਗਿਆ। ◆◆

## ਮਾਂ ਬੋਲੀ



- ਮਮਤਾ ਕੌਰ
(ਹਜ਼ਾਰੀਬਾਗ, ਝਾਰਖੰਡ)

ਮਾਂ ਬੋਲੀ ਬੋਲ ਅਮੀਏ ,
ਇਸ ਦੇ ਬੋਲ ਹੈ ਬਹੁਤ ਅਨਮੋਲ,
ਆਪਣੀ ਮਾਂ ਨੂੰ ਮਾਂ ਬੋਲਣ ਵਾਲੇ,
ਕਾਹਦੀ ਸ਼ਰਮ ਕਰੋ,
ਅਸੀਂ ਸਾਰੇ ਹਾਂ ਇਕ ਮਾਂ ਦੇ ਬੱਚੇ,
ਫਿਰ ਕਿਉਂ ਆਪਣੀ ਮਾਂ ਨੂੰ ਮਾਂ ਬੋਲਣ ਤੋਂ ਡਰੋ,

ਸਾਡੀ ਪੰਜਾਬੀ 35 ਅੱਖ਼ਰੀ,
ਸਾਡੀ ਪੰਜਾਬੀ ਮਾਝੇ, ਮਾਲਵੇ, ਦੁਆਬੇ, ਵਰਗੀ,
ਸਾਡੀ ਪੰਜਾਬੀ 5 ਦਰਿਆਵਾਂ ਵਰਗੀ,
ਸਾਡੀ ਪੰਜਾਬੀ ਪੀਰਾਂ ਤੇ ਫਕੀਰਾਂ ਵਰਗੀ,
ਸਾਡੀ ਪੰਜਾਬੀ 5 ਪਿਆਰਿਆਂ ਵਰਗੀ,
ਸਾਡੀ ਪੰਜਾਬੀ 5 ਕੱਕਾਰਾਂ ਵਰਗੀ,
ਸਾਡੀ ਪੰਜਾਬੀ ਸਾਡਾ ਮਾਨ ਤੇ ਸ਼ਾਨ ਵਰਗੀ,
ਸਾਡੀ ਪੰਜਾਬੀ ਸਾਡੇ 10 ਗੁਰੂਆਂ ਦੀ ਜਾਨ ਵਰਗੀ,
ਸਾਡੀ ਪੰਜਾਬੀ 4 ਸਾਹਿਬਜ਼ਾਦਿਆਂ ਦੀ ਸ਼ਹੀਦੀ ਵਰਗੀ,
ਸਾਡੀ ਪੰਜਾਬੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦੇਸ਼ ਵਰਗੀ,
ਸਾਡੀ ਪੰਜਾਬੀ ਜਿੰਦਜਾਨ ਵਰਗੀ,

ਜੋ ਆਪਣੀ ਮਾਂ ਨੂੰ ਭੁੱਲਣਗੇ
ਉਹ ਕਖਾਂ ਵਾਂਗ ਰੁੱਲਣਗੇ। ◆◆


## SIKH MATRIMONIALS

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

Gursikh girl 33/5'2"/BTech. Worked in Ericssonfor 4 years/ Working Part-time and doing online course/ Canada PR Contact +91 98715 50900

Professionally and well settled Gursikh match from America or Canada for 91 born 5-5" girl working on H-1B Visa in America, +91 8750 888 333


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. B 3. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555